# 48 ਬੋਤਲਾਂ ਨਾਜਾਇਜ਼ ਸ਼ਰਾਬ ਸਮੇਤ ਗ੍ਰਿਫਤਾਰ

ਰੂਪਨਗਰ, 10 ਫਰਵਰੀ (ਵਿਜੇ)-ਸਿੰਘ ਭਗਵੰਤਪੁਰ ਪੁਲਸ ਨੇ 48 ਬੋਤਲਾਂ ਗੈਰ-ਕਾਨੂੰਨੀ ਸ਼ਰਾਬ ਬਰਾਮਦ ਕੀਤੀ ਅਤੇ ਮੁਲਜ਼ਮ ਨੂੰ ਗ੍ਰਿਫਤਾਰ ਕੀਤਾ ਹੈ। ਪੁਲਸ ਵੱਲੋਂ ਦਿੱਤੀ ਜਾਣਕਾਰੀ 'ਚ ਏ. ਐੱਸ. ਆਈ. ਹਰਬੰਸ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਸ਼ੱਕੀ ਪੁਰਸ਼ਾਂ ਦੀ ਭਾਲ 'ਚ ਭਾਗੋ ਮਾਜਰਾ ਬੱਸ ਅੱਡੇ ਮੌਜੂਦ ਸੀ ਤਾਂ ਮੁਖਬਰ ਖਾਸ ਨੇ ਦੱਸਿਆ ਕਿ ਮੁਲਜ਼ਮ ਜੋ ਬੱਸ 'ਚ ਸਹਾਇਕ ਹੈ, ਬੱਸ ਦੀ



ਡਿੱਗੀ 'ਚ ਚੰਡੀਗੜ੍ਹ ਤੋਂ ਸਸਤੇ ਭਾਅ ਸ਼ਰਾਬ ਖਰੀਦ ਕੇ ਮਹਿੰਗੇ ਭਾਅ 'ਤੇ ਲਿਜਾ ਕੇ ਜੰਮੂ-ਕਸ਼ਮੀਰ 'ਚ ਵੇਚਦਾ ਹੈ, ਜਿਸ ਨੂੰ ਟੀ-ਪੁਆਇੰਟ ਚਟੌਲੀ ਮੇਨ ਹਾਈਵੇ ਕੁਰਾਲੀ-ਰੂਪਨਗਰ 'ਤੇ ਨਾਕਾਬੰਦੀ ਕਰ ਕੇ ਬੱਸ 'ਚੋਂ ਵੱਖ-ਵੱਖ ਮਾਰਕੇ ਦੀਆਂ 48 ਬੋਤਲਾਂ ਗੈਰ-ਕਾਨੂੰਨੀ ਸ਼ਰਾਬ ਬਰਾਮਦ ਹੋਈ। ਪੁਲਸ ਨੇ ਇਸ ਮਾਮਲੇ 'ਚ ਮੁਲਜ਼ਮ ਅਰੁਣ ਸ਼ਰਮਾ ਪੁੱਤਰ ਬਿਸ਼ਨ ਦਾਸ ਨਿਵਾਸੀ ਪਿੰਡ ਸਰਨਾ ਜ਼ਿਲਾ ਰਿਆਸੀ ਜੰਮੂ ਐਂਡ ਕਸ਼ਮੀਰ ਅਤੇ ਐਕਸਾਈਜ ਐਕਟ ਅਧੀਨ ਪਰਚਾ ਦਰਜ ਕਰ ਲਿਆ ਅਤੇ ਮੁਲਜ਼ਮ ਨੂੰ ਗ੍ਰਿਫਤਾਰ ਕਰ ਲਿਆ ਹੈ।


ਜਗ ਬਾਣੀ
ਈ-ਪੇਪਰ

Fri,11 February 2022
Edition: roopnagar bani, Page no. 3